# ਪਾਠ-1

# ਆਫਿਸ ਟੂਲਜ

## ਬਹੁ-ਚੋਣਵੇਂ ਪ੍ਰਸ਼ਨ

**ਪ੍ਰਸ਼ਨ 1: ਕਿਹੜਾ ਸਾਫਟਵੇਅਰ ਬਹੁਤ ਸਾਰੇ ਸਾਫਟਵੇਅਰਾਂ ਤੋਂ ਮਿਲਕੇ ਬਣਦਾ ਹੈ?**

**(ੳ) ਸਿਸਟਮ ਸਾਫਟਵੇਅਰ** (ਅ) ਐਪਲੀਕੇਸ਼ਨ ਸਾਫਟਵੇਅਰ

(ੲ) ਯੂਟੀਲਿਟੀ ਸਾਫਟਵੇਅਰ (ਸ) ਉਪਰੋਕਤ ਸਾਰੇ

**ਪ੍ਰਸ਼ਨ 2: ਕਿਹੜਾ ਟੂਲ-ਬਜਟ,ਵਿੱਤੀ ਸਟੇਟਮੈਂਟ ਅਤੇ ਵਿਕਰੀ ਦੇ ਰਿਕਾਰਡ ਨੂੰ ਮੇਨਟੇਨ ਕਰਨ ਲਈ ਵਰਤਿਆ ਜਾਂਦਾ ਹੈ?**

(ੳ)ਮਲਟੀਮੀਡੀਆ **(ਅ) ਸਪਰੈਡਸ਼ੀਟ**

(ੲ) ਪ੍ਰੈਜੇਨਟੇਸ਼ਨ (ਸ) ਡਾਟਾਬੇਸ

**ਪ੍ਰਸ਼ਨ 3: ਜਦੋਂ ਅਸੀ ਇੱਕ ਪੰਨੇ ਦੇ___________ ਤੇ ਪਹੁੰਚਦੇ ਹਾਂ,ਤਾਂ ਵਰਡ ਆਟੋਮੈਟਿਕ ਇੱਕ ਪੇਜਬ੍ਰੇਕ ਦਾਖਲ ਕਰ ਦਿੰਦਾ ਹੈ?**

(ੳ) starting **(ਅ) End**

(ੲ) Mid (ਸ) ਇਹਨਾਂ ਵਿੱਚੋਂ ਕੋਈ ਵੀ ਨਹੀਂ

**ਪ੍ਰਸ਼ਨ 4: ਜਦੋਂ ਅਸੀਂ ਆਪਣਾ ਡਾਕੂਮੈਂਟ ਟਾਈਪ ਕਰਦੇ ਹਾਂ ਤਾਂ, ਗਲਤ ਲਿਖੇ ਅੱਖਰ ਦੇ ਹੇਠਾਂ ਕਿਸ ਰੰਗ ਦੀ ਲਾਈਨ ਆਉਂਦੀ ਹੈ?**

(ੳ) ਨੀਲੀ (ਅ)ਚਿੱਟੀ

**(ੲ) ਲਾਲ** (ਸ) ਕਾਲੀ

**ਪ੍ਰਸ਼ਨ 5: ਪਾਵਰ ਪੁਆਇੰਟ ਵਿੱਚ ਕਿਹੜੀ ਵਿਸ਼ੇਸ਼ਤਾ ਬੈਕਗ੍ਰਾਊਂਡ ਨੂੰ ਮੂਲ ਰੂਪ ਵਿੱਚ ਚੁਣਨ ਲਈ ਮਦਦ ਕਰਦੀ ਹੈ?**

OFFICE TOOLS



ਤਿਆਰ ਕਰਤਾ: ਚਮਨਪ੍ਰੀਤ ਕੌਰ, ਅਸਿਸਟੈਂਟ ਸਟੇਟ ਪ੍ਰੋਜੈਕਟ ਕੋਆਰਡੀਨੇਟਰ(ਕੰਪਿਊਟਰ)

(ੳ) ਐਨੀਮੇਸ਼ਨ (ਅ) ਟ੍ਰਾਂਜੀਸ਼ਨ

(ੲ) ਟਾਈਮਰ **(ਸ) ਥੀਮ**

**ਪ੍ਰਸ਼ਨ 6: ਪ੍ਰੈਜ਼ੇਨਟੇਸ਼ਨ ਵਿੱਚ ਕਿਸ ਇਫੈਕਟ ਦੀ ਵਰਤੋਂ ਸਲਾਈਡ ਬਦਲਣ ਲੱਗੇ ਕੀਤੀ ਜਾਂਦੀ ਹੈ?**

(ੳ) ਐਨੀਮੇਸ਼ਨ (ਅ) ਸਾਊਂਡ ਪ੍ਰਭਾਵ

(ੲ) ਡਿਜਾਈਨ **(ਸ) ਟ੍ਰਾਂਜੀਸ਼ਨ**

**ਪ੍ਰਸ਼ਨ 7: ਆਮ ਤੌਰ ਤੇ ਪਾਵਰ ਪੁਆਇੰਟ ਵਿੱਚ ਸਲਾਈਡ ਸ਼ੋਅ ਦਾ ਅੰਤ ਕਰਨ ਲਈ ਅਸੀ ਕੀਅ ਬੋਰਡ ਤੋਂ ਕਿਹੜੀ ਕੀਅ ਦਬਾਉਂਦੇ ਹਾਂ?**

(ੳ) ਸ਼ਿਫਟ ਕੀਅ (ਅ) ਕੀਅ

(ੲ) ALT ਕੀਅ **(ਸ) esc ਕੀਅ**

**ਪ੍ਰਸ਼ਨ 8:ਮਾਈਕਰੋਸਾਫਟ ਐਪਲੀਕੇਸ਼ਨ ਆਪਣੇ ਯੂਜਰ ਨੂੰ ਆਪਣੀ ਫਾਈਲ____________ਆਪਸ਼ਨ ਦੇ ਨਾਲ ਸੁਰਖਿਅਤ ਕਰਨ ਦੀ ਸਮਰਥਾ ਪ੍ਰਦਾਨ ਕਰਦੀ ਹੈ?**

(ੳ) ਕੀਵਰਡ **(ਅ) ਪਾਸਵਰਡ**

(ੲ) ਲਾ (ਸ) ਇਹ ਸਾਰੀਆਂ

**ਪ੍ਰਸ਼ਨ 9: _________ ਪੇਜ ਦੇ ਕਿਨਾਰੀਆਂ ਦੀ ਖਾਲੀ ਥਾਂ ਹੁੰਦੀ ਹੈ?**

(ੳ) ਗ੍ਰਾਫਿਕਸ (ਅ) ਡਿਜਾਇਨ

**(ੲ) ਮਾਰਜਨ** (ਸ) ਇਹਨਾਂ ਵਿੱਚੋਂ ਕੋਈ ਵੀ ਨਹੀਂ

## ਖਾਲੀ ਥਾਵਾਂ ਭਰੋ।

1. ਕੰਪਿਊਟਰ ਸਾਫਟਵੇਅਰ ਨੂੰ ਦੋ ਭਾਗਾ ਵਿੱਚ ਵੰਡਿਆ ਗਿਆ ਹੈ **ਸਿਸਟਮ ਸਾਫਟਵੇਅਰ ਅਤੇ ਐਪਲੀਕੇਸ਼ਨ ਸਾਫਟਵੇਅਰ।**
2. ਡਾਟਾਬੇਸ ਸਾਫਟਵੇਅਰ ਸਬੰਧਿਤ ਡਾਟਾ ਦਾ ਇੱਕਠ ਹੈ ਇਸ ਟੂਲ ਦਾ ਉਦੇਸ਼ ਡਾਟਾ ਨੂੰ **ਸਗੰਠਿਤ ਕਰਨਾ** ਅਤੇ **ਪ੍ਰਬੰਧ ਕਰਨਾ** ਹੈ।

3. ਅਸੀਂ ਆਪਣੇ ਪੂਰੇ ਡਾਕੂਮੈਂਟ ਲਈ ਜਾਂ ਕੁਝ ਹਿੱਸੇ ਲਈ **ਪੋਰਟਰੇਟ**(ਵਰਟੀਕਲ) ਜਾਂ **ਲੈਂਡਸਕੇਪ** (ਹੋਰੀਜੋਨਟਲ) ਉਰੀਐਨਟੇਸ਼ਨ ਦੀ ਚੋਣ ਕਰ ਸਕਦੇ ਹਾਂ।
4. ਪਾਵਰ ਪੁਆਇੰਟ ਦੁਆਰਾ ਸਪੋਰਟਿਡ ਇਮੇਜ ਫਾਈਲ ਦੀ ਐਕਸਟੈਂਸ ਵਿੱਚ ਸ਼ਾਮਿਲ ਹਨ **.GIF..JPG**
5. ਮਲਟੀਮੀਡੀਆ ਸਾਫਟਵੇਅਰ ਉਹ ਟੂਲ ਹੈ ਜੋ ਯੂਜਰ ਨੂੰ ਮੀਡੀਆ ਪਲੇਅਰ ਅਤੇ ਰੀਅਲ ਪਲੇਅਰ ਦੀ ਮਦਦ ਨਾਲ **ਆਡੀਊਜ ਅਤੇ ਵੀਡਿਊਜ** ਚਲਾਉਣ ਦੀ ਆਗਿਆ ਦਿੰਦਾ ਹੈ।

## ਸਹੀ/ਗਲਤ

1. ਐਕਸਲ ਦਾ ਮੁੱਖ ਉਦੇਸ਼ ਡਾਕੂਮੈਂਟ ਬਣਾਉਣਾ ਹੈ। — ਗਲਤ
2. ਐਪਲੀਕੇਸ਼ਨ ਸਾਫਟਵੇਅਰ ਇੱਕ ਅਜਿਹਾ ਸਾਫਟਵੇਅਰ ਹੈ ਜੋ ਯੂਜਰ ਲਈ ਖਾਸ ਕੰਮ ਕਰਦਾ ਹੈ। — ਸਹੀ
3. ਡਾਟਾਬੇਸ ਸਾਫਟਵੇਅਰ ਸਲਾਈਡ ਸ਼ੋਅ ਦੇ ਰੂਪ ਵਿੱਚ ਜਾਣਕਾਰੀ ਨੂੰ ਡਿਸਪਲੇਅ ਕਰਨ ਲਈ ਵਰਤਿਆ ਜਾਂਦਾ ਹੈ। — ਗਲਤ
4. ਅਸੀਂ ਮੋਜੂਦਾ ਟੈਬ ਸਟਾਪ ਨੂੰ ਰੂਲਰ ਦੇ ਨਾਲ ਨਾਲ ਵੱਖ ਵੱਖ ਥਾਵਾਂ ਤੇ ਖੱਬੇ ਜਾਂ ਸੱਜੇ ਡਰੈਗ ਕਰ ਸਕਦੇ ਹਾਂ। — ਸਹੀ
5. ਜਦੋਂ ਅਸੀਂ ਪ੍ਰਿੰਟ ਟੈਬ ਤੇ ਕਲਿਕ ਕਰਦੇ ਹਾਂ ਤਾਂ ਪ੍ਰਿੰਟ ਪ੍ਰੀਵਿਊ ਆਪਣੇ ਆਪ ਦਿਖਾਈ ਦਿੰਦਾ ਹੈ। — ਸਹੀ

## ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰਸ਼ਨ 1. ਐਮ.ਐਸ ਆਫਿਸ 2010 ਵਿੱਚ ਵਰਡ ਡਾਕੂਮੈਂਟ ਦੀ ਐਕਸਟੈਨਸ਼ਨ ਦੱਸੋ?

ਉੱਤਰ: .doc

ਪ੍ਰਸ਼ਨ 2. ਐਮ.ਐਸ ਆਫਿਸ 2010 ਵਿੱਚ ਐਕਸਲ ਡਾਕੂਮੈਂਟ ਦੀ ਐਕਸਟੈਨਸ਼ਨ ਦੱਸੋ?

ਉੱਤਰ: .xls

ਪ੍ਰਸ਼ਨ3. ਐਮ.ਐਸ ਆਫਿਸ 2010 ਵਿੱਚ ਪਾਵਰ ਪੁਆਇੰਟ ਡਾਕੂਮੈਂਟ ਦੀ ਐਕਸਟੈਨਸ਼ਨ ਦੱਸੋ?

ਉੱਤਰ: .ppt

OFFICE TOOLS



ਤਿਆਰ ਕਰਤਾ: ਚਮਨਪ੍ਰੀਤ ਕੌਰ, ਅਸਿਸਟੈਂਟ ਸਟੇਟ ਪ੍ਰੋਜੈਕਟ ਕੋਆਰਡੀਨੇਟਰ(ਕੰਪਿਊਟਰ)

ਪ੍ਰਸ਼ਨ 4:ਬੀ.ਐਮ.ਪੀ ਦਾ ਪੂਰਾ ਨਾਮ ਦੱਸੋ?

ਉੱਤਰ: ਬਿਟਮੈਪ ਇਮੇਜ

ਪ੍ਰਸ਼ਨ 5. ਪੀ.ਡੀ.ਐਫ ਦਾ ਪੂਰਾ ਨਾਂ ਦੱਸੋ?

ਉੱਤਰ: ਪੋਰਟੇਬਲ ਡਾਕੂਮੈਂਟ ਫਾਰਮੈਟ

## ਛੋਟੇ ਉੱਤਰਾਂ ਵਾਲੇ ਪ੍ਰਸ਼ਨ

### ਪ੍ਰਸ਼ਨ 1: ਸਿਸਟਮ ਸਾਫਟਵੇਅਰ ਨੂੰ ਪਰਿਭਾਸ਼ਿਤ ਕਰੋ?

**ਉੱਤਰ:** ਸਿਸਟਮ ਸਾਫਟਵੇਅਰ ਅਜਿਹੇ ਪ੍ਰੋਗਰਾਮਾ ਦਾ ਸਮੂਹ ਹੁੰਦਾ ਹੈ ਜੋ ਐਪਲੀਕੇਸ਼ਨ ਪ੍ਰੋਗਰਾਮ ਅਤੇ ਕੰਪਿਊਟਰ ਹਾਰਡਵੇਅਰ ਵਿਚਕਾਰ ਇੱਕ ਇੰਟਰਫੇਸ ਦਾ ਕੰਮ ਕਰਦਾ ਹੈਂ, ਕੰਪਿਊਟਰ ਦੇ ਉਪਕਰਣਾਂ ਦੇ ਸੰਚਾਲਨ ਨੂੰ ਕੰਟਰੋਲ ਕਰਦਾ ਹੈ,ਜਿਵੇਂ ਮੈਮੋਰੀ ਦੀ ਮੈਨੇਜਮੈਂਟ,ਪੈਰੀਫਿਰਲ ਦਾ ਪ੍ਰਬੰਧ,ਲੋਡਿੰਗ,ਸਟੋਰਿੰਗ ਆਦਿ।

### ਪ੍ਰਸ਼ਨ 2:ਆਫਿਸ ਪ੍ਰੋਡਕਟੀਵਿਟੀ ਟੂਲਜ ਦੀ ਵਿਆਖਿਆ ਕਰੋ?

**ਉੱਤਰ:** ਆਫਿਸ ਪ੍ਰੋਡਕਟੀਵਿਟੀ ਟੂਲਜ ਐਪਲੀਕੇਸ਼ਨ ਪ੍ਰੋਗਰਾਮਾਂ ਦੀ ਉਹ ਸ਼੍ਰੇਣੀ ਹੈ ਜੋ ਯੂਜਰ ਨੂੰ ਡਾਕੂਮੈਂਟ ,ਡਾਟਾਬੇਸ, ਗ੍ਰਾਫ,ਵਰਕਸ਼ੀਟਾਂ ਅਤੇ ਪ੍ਰੈਜੇਨਟੇਂਸ਼ਨ ਵਰਗੀਆ ਚੀਜਾਂ ਤਿਆਰ ਕਰਨ ਵਿੱਚ ਸਹਾਇਤਾ ਕਰਦੇ ਹਨ।ਉਦਾਹਰਨ ਵੱਜੋਂ: ਵਰਡ ਪ੍ਰੋਸੈਸਿੰਗ ,ਡਾਟਾਬੇਸ,ਗ੍ਰਾਫਿਕਸ ਸਾਫਟਵੇਅਰ,ਸਪਰੈਡਸ਼ੀਟ ਆਦਿ ਸ਼ਾਮਿਲ ਹਨ।

### ਪ੍ਰਸ਼ਨ 3:ਡਾਟਾਬੇਸ ਸਾਫਟਵੇਅਰ ਦੀ ਵਿਆਖਿਆ ਕਰੋ?

**ਉੱਤਰ:** ਡਾਟਾਬੇਸ ਸਬੰਧਿਤ ਡਾਟਾ ਦਾ ਸਮੂਹ ਹੰਦਾ ਹੈ। ਇਸ ਟੂਲ ਦਾ ਉਦੇਸ਼ ਡਾਟੇ ਨੂੰ ਸੰਗਠਿਤ ਕਰਨਾ ਅਤੇ ਡਾਟਾ ਦਾ ਪ੍ਰਬੰਧਨ ਕਰਨਾ ਹੈ। ਐਮ.ਐਸ.ਐਕਸੇਸ, ਫਾਕਸਪਰੋ,ਔਰੇਕਲ ਆਦਿ ਡਾਟਾਬੇਸ ਸਾਫਟਵੇਅਰ ਦੀਆਂ ਕੁੱਝ ਉਦਾਰਨਾਂ ਹਨ।

### ਪ੍ਰਸ਼ਨ 4: ਮਲਟੀਮੀਡੀਆ ਸਾਫਟਵੇਅਰ ਦੀ ਵਿਆਖਿਆ ਕਰੋ?


**ਉੱਤਰ:** ਇਹ ਟੂਲਜ ਯੂਜਰ ਨੂੰ ਆਡਿਓ ਅਤੇ ਵੀਡਿਓ ਬਣਾਉਣ ਵਿੱਚ ਮਦਦ ਕਰਦੇ ਹਨ ਮੀਡੀਆ ਪਲੇਅਰ ਅਤੇ ਰੀਅਲ ਮੀਡੀਆ ਪਲੇਅਰ ਮਲਟੀਮੀਡੀਆ ਸਾਫਟਵੇਅਰ ਦੇ ਉਦਾਹਰਨ ਹਨ।

### ਪ੍ਰਸ਼ਨ 5: ਕਸਟਮ ਮਾਰਜਨ ਬਣਾਉਣ ਦੇ ਸਟੈਪ ਲਿਖੋ?

**ਉੱਤਰ**: ਕਸਟਮ ਮਾਰਜਨ ਬਣਾਉਣ ਦੇ ਸਟੈਪ:

1. ਪੇਜ ਲੇਅ-ਆਊਟ ਟੈਬ ਤੇ ਪੇਜ ਸੈਟ ਅਪ ਗਰੁੱਪ ਵਿੱਚ,ਮਾਰਜਨ ਤੇ ਕਲਿਕ ਕਰੋ।
2. ਮਾਰਜਨ ਗੈਲਰੀ ਦੇ ਡਰਾਪ ਡਾਊਨ ਮੀਨੂੰ ਦੇ ਹੇਠਾਂ ਕਸਟਮ ਮਾਰਜਨ ਤੇ ਕਲਿਕ ਕਰੋ।

3. ਪੇਜ ਸੈਟ ਅਪ ਡਾਇਲੋਗ ਬਾਕਸ ਦਿਖਾਈ ਦੇਵੇਗਾ।
4. ਮਾਰਜਨ ਬਦਲਣ ਲਈ Top,Bottom,Left ਜਾਂ Right ਟੈਕਸ ਬਾਕਸ ਵਿੱਚ ਨਵੇਂ ਮੁੱਲ਼ ਦਾਖਲ ਕਰੋ।
5. OK ਕਲ਼ਿਕ ਕਰੋ।




**ਪ੍ਰਸ਼ਨ:5 Page Break ਕੀ ਹੈ? Page Break ਕਿਵੇਂ ਦਾਖਲ ਕੀਤਾ ਜਾਂਦਾ ਹੈ?**

**ਉੱਤਰ**: ਜਦੋਂ ਅਸੀ ਇੱਕ ਪੇਜ ਦੇ ਅਖੀਰ ਵਿੱਚ ਪਹੁੰਚਦੇ ਹਾਂ ਤਾਂ ਵਰਡ ਆਪਣੇ ਆਪ ਪੇਜ ਬ੍ਰੇਕ ਇਨਸਰਟ ਕਰ ਦਿੰਦਾ ਹੈ।ਪੇਜ ਮੈਨੂਅਲੀ ਵੀ ਲੋੜ ਅਨੁਸਾਰ ਦਾਖਲ ਕੀਤੇ ਜਾ ਸਕਦੇ ਹਨ।

ਪੇਜ ਬ੍ਰੇਕ ਇਨਸਰਟ ਕਰਨ ਦੇ ਸਟੈਪ:

1. ਅਸੀਂ ਨਵੇਂ ਪੇਜ ਨੂੰ ਜਿਸ ਜਗ੍ਹਾ ਤੋਂ ਸ਼ੁਰੂ ਕਰਨਾ ਚਾਹੰਦੇ ਹਾਂ,ਉੱਥੇ ਕਲਿਕ ਕਰੋ।
2. ਇਨਸਰਟ ਟੈਬ ਦੇ ਪੇਜ ਗਰੁੱਪ ਵਿੱਚ ਪੇਜ ਬ੍ਰੇਕ ਤੇ ਕਲਿਕ ਕਰੋ।

## ਵੱਡੇ ਉੱਤਰਾਂ ਵਾਲੇ ਪ੍ਰਸ਼ਨ:

**ਪ੍ਰਸ਼ਨ 1: ਆਫਿਸ ਟੂਲਜ ਕੀ ਹਨ? ਕਿਸੇ ਪੰਜ ਆਫਿਸ ਟੂਲਜ ਦੀ ਵਿਆਖਿਆ ਕਰੋ?**

**ਉੱਤਰ**: ਆਫਿਸ ਪ੍ਰੋਡਕਟੀਵਿਟੀ ਟੂਲਜ ਐਪਲੀਕੇਸ਼ਨ ਪ੍ਰੋਗਰਾਮਾਂ ਦੀ ਉਹ ਸ਼੍ਰੇਣੀ ਹੈ ਜੋ ਯੂਜਰ ਨੂੰ ਡਾਕੂਮੈਂਟ ,ਡਾਟਾਬੇਸ, ਗ੍ਰਾਫ,ਵਰਕਸ਼ੀਟਾਂ ਅਤੇ ਪ੍ਰੈਜੇਨਟੇਂਸ਼ਨ ਵਰਗੀਆ ਚੀਜਾਂ ਤਿਆਰ ਕਰਨ ਵਿੱਚ ਸਹਾਇਤਾ ਕਰਦੇ ਹਨ।ਉਦਾਹਰਨ ਵੱਜੋਂ: ਵਰਡ ਪ੍ਰੋਸੈਸਿੰਗ ,ਡਾਟਾਬੇਸ,ਗ੍ਰਾਫਿਕਸ ਸਾਫਟਵੇਅਰ,ਸਪਰੈਡਸ਼ੀਟ ਆਦਿ ਸ਼ਾਮਿਲ ਹਨ।

1. **ਵਰਡ ਪ੍ਰੋਸੈਸਿੰਗ ਟੂਲਜ**: ਇਸ ਟੂਲ ਦਾ ਮੁੱਖ ਉਦੇਸ਼ ਡਾਕੂਮੈਂਟ ਤਿਆਰ ਕਰਨਾ ਹੈ। ਐਮ.ਐਸ. ਵਰਡ,ਮੋਟ-ਪੈਡ,ਵਰਡ ਪੈਡ ਵਰਡ ਪ੍ਰੋਸੈਸਿੰਗ ਦੀਆ ਉਦਾਹਰਨਾਂ ਹਨ।
2. **ਡਾਟਾਬੇਸ ਸਾਫਟਵੇਅਰ ਟੂਲ**: : ਡਾਟਾਬੇਸ ਸਬੰਧਿਤ ਡਾਟਾ ਦਾ ਸਮੂਹ ਹੰਦਾ ਹੈ। ਇਸ ਟੂਲ ਦਾ ਉਦੇਸ਼ ਡਾਟੇ ਨੂੰ ਸੰਗਠਿਤ ਕਰਨਾ ਅਤੇ ਡਾਟਾ ਦਾ ਪ੍ਰਬੰਧਨ ਕਰਨਾ ਹੈ। ਐਮ.ਐਸ.ਐਕਸੇਸ, ਫਾਕਸਪਰੋ,ਔਰੇਕਲ ਆਦਿ ਡਾਟਾਬੇਸ ਸਾਫਟਵੇਅਰ ਦੀਆਂ ਕੁੱਝ ਉਦਾਰਨਾਂ ਹਨ।

OFFICE TOOLS


ਤਿਆਰ ਕਰਤਾ: ਚਮਨਪ੍ਰੀਤ ਕੌਰ, ਅਸਿਸਟੈਂਟ ਸਟੇਟ ਪ੍ਰੋਜੈਕਟ ਕੋਆਰਡੀਨੇਟਰ(ਕੰਪਿਊਟਰ)

3. **<u>ਸਪਰੈਡਸ਼ੀਟ ਟੂਲ</u>**: ਸਪਰੈਡਸ਼ੀਟ ਦਾ ਉਪਯੋਗ ਬਜਟ,ਫਾਇਨੈਨਸ਼ੀਅਲ ਸਟੇਟਮੈਂਟਾਂ ਬਣਾਉਣ ਅਤੇ ਵਿਕਰੀ ਰਿਕਾਰਡਾ ਦੀ ਸੰਭਾਲ ਲਈ ਕੀਤਾ ਜਾਂਦਾ ਹੈ।ਇਹ ਯੂਜਰ ਨੂੰ ਨੰਬਰਾਂ ਤੇ ਸਾਧਾਰਨ ਜਾਂ ਗੁੰਝਲਦਾਏ ਗਣਨਾਂਵਾਕਰਨ ਦੀ ਵੀ ਆਗਿਆ ਦਿੰਦਾ ਹੈ।ਐਮ.ਐਸ.ਐਕਸਲ ਸਪਰੈਡਸ਼ੀਟ ਟੂਲ ਦੀ ਇੱਕ ਉਦਾਹਰਨ ਹੈ।
4. **<u>ਪ੍ਰੈਜੇਨਟੇਸ਼ਨ ਟੂਲ</u>**: ਇਹ ਟੂਲ ਸਲਾਈਡ ਸ਼ੋਅ ਦੇ ਰੂਪ ਵਿੱਚ ਜਾਣਕਾਰੀ ਨੂੰ ਪ੍ਰਦਰਸ਼ਿਤ ਕਰਨ ਲਈ ਵਰਤਿਆ ਜਾਂਦਾ ਹੈ।ਐਮ.ਐਸ. ਪਾਵਰਪੁਆਇੰਟ ਪ੍ਰੇਜੇਨਟੇਸ਼ਨ ਟੂਲ ਦੀ ਉਦਾਹਰਨ ਹੈ।
5. **<u>ਮਲਟੀਮੀਡੀਆ ਟੂਲਜ</u>**: ਇਹ ਟੂਲਜ ਯੂਜਰ ਨੂੰ ਆਡਿਓ ਅਤੇ ਵੀਡਿਓ ਬਣਾਉਣ ਵਿੱਚ ਮਦਦ ਕਰਦੇ ਹਨ ਮੀਡੀਆ ਪਲੇਅਰ ਅਤੇ ਰੀਅਲ ਮੀਡੀਆ ਪਲੇਅਰ ਮਲਟੀਮੀਡੀਆ ਸਾਫਟਵੇਅਰ ਦੇ ਉਦਾਹਰਨ ਹਨ।

## ਪ੍ਰਸ਼ਨ 2: ਟੈਬ-ਸਟਾਪਸ ਕੀ ਹੈ? ਮੈਨੂਅਲ ਟੈਬ ਸਟਾਪਸ ਸੈਟ ਕਰਨ ਦੇ ਸਟੈਪ ਦੱਸੋ?

ਉੱਤਰ: ਟੈਬ ਸਟਾਪ ਸਾਨੂੰ ਸਹੀਂ ਢੰਗ ਨਾਲ ਜਾਣਕਾਰੀ ਦਰਸਾਉਣ ਅਤੇ ਲੜੀਬੱਧ ਕਰਨ ਵਿੱਚ ਮਦਦ ਕਰਦੇ ਹਨ। ਟੈਬ ਸਟਾਪ ਬਣਾਉਣਾ ਉਦੋਂ ਸਹਾਇਕ ਹੋ ਸਕਦਾ ਹੈ ਜਦੋਂ ਬਹੁਤ ਸਾਰੇ ਡਾਕੂਮੈਂਟ ਤਿਆਰ ਕੀਤੇ ਜਾਂਦੇ ਹੋਣਜਿਵੇਂ ਕਿ ਫਲਾਇਰ, ਸੱਮਗਰੀ ਦੀ ਸੂਚੀ ਜਾਂ ਰਿਜੀਉਮ ਬਣਾਉਣ ਸਮੇਂ।

### <u>ਮੈਨੂਅਲ ਟੈਬ ਸਟਾਪਸ ਸੈਟ ਕਰਨ ਦੇ ਸਟੈਪ:</u>

1. ਟੈਬ ਸਿਲੈਕਟ ਜੋ ਕਿ ਰੂਲਰ ਦੇ ਖੱਬੇ ਕੋਨੇ ਵਿੱਚ ਹੈ ਉਥੇ ਉਦੋਂ ਤੱਕ ਕਲਿਕ ਕਰੋ ਜਦੋ ਤੱਕ ਕੇ ਸੈਟ ਕਰਨ ਵਾਲੀ ਟੈਬ ਪ੍ਰਦਰਸ਼ਿਤ ਨਹੀਂ ਹੋ ਜਾਂਦੀ।
2. ਫਿਰ ਆਪਣੇ ਪੇਜ ਦੇ ਉੱਪਰ ਰੂਲਰ ਤੇ ਕਲਿਕ ਕਰੋ, ਜਿੱਥੇ ਅਸੀ ਟੈਬ ਸਟਾਪ ਸੈਟ ਕਰਨਾ ਚਾਹੁੰਦੇ ਹਾਂ।
   ਇਸ ਤਰ੍ਹਾਂ ਟੈਬ ਸਟਾਪ ਸੈਟ ਹੋ ਜਾਵੇਗਾ।

   ਟੈਬ ਸਟਾਪਸ ਵੱਖ ਵੱਖ ਤਰ੍ਹਾਂ ਦੀਆਂ ਹੁੰਦੀਆਂ ਹਨ ਜਿਵੇਂ Left , Right, centre,Decimal ਅਤੇ Bar ਆਦਿ।

## ਪ੍ਰਸ਼ਨ 3: ਪ੍ਰਿੰਟ ਅਤੇ ਪ੍ਰਿੰਟ ਪ੍ਰਵਿਊ ਕਮਾਂਡ ਦੀ ਵਿਆਖਿਆ ਕਰੋ?

**ਉੱਤਰ: <u>ਪ੍ਰਿੰਟ ਕਮਾਂਡ</u>**: ਪ੍ਰਿੰਟ ਕਮਾਂਡ ਦੀ ਮਦਦ ਦੇ ਨਾਲ ਅਸੀ ਆਪਣੇ ਡਾਕੂਮੈਂਟ ਨੂੰ ਪ੍ਰਿੰਟ ਕਰ ਸਕਦੇ ਹਾਂ।

### <u>ਡਾਕੂਮੈਂਟ ਨੂੰ ਪ੍ਰਿੰਟ ਕਰਨ ਦੇ ਸਟੈਪ</u>:

1. ਫਾਇਲ ਟੈਬ ਤੇ ਕਲਿਕ ਕਰੋ।
2. ਪ੍ਰਿੰਟ ਕਮਾਂਡ ਤੇ ਕਲਿਕ ਕਰੋ।
3. ਆਪਣੇ ਡਾਕੂਮੈਂਟ ਨੂੰ ਪ੍ਰਿੰਟ ਕਰਨ ਲਈ ਪ੍ਰਿ/ਮਟ ਬਟਨ ਤੇ ਕਲਿਕ ਕਰੋ।


ਤਿਆਰ ਕਰਤਾ: ਚਮਨਪ੍ਰੀਤ ਕੌਰ, ਅਸਿਸਟੈਂਟ ਸਟੇਟ ਪ੍ਰੋਜੈਕਟ ਕੌਆਰਡੀਨੇਟਰ(ਕੰਪਿਊਟਰ)

ਇਸ ਤਰ੍ਹਾਂ ਡਾਕੂਮੈਂਟ ਪ੍ਰਿੰਟ ਹੋ ਜਾਵੇਗਾ।

**ਪ੍ਰਿੰਟ ਪ੍ਰੀਵਿਊ ਕਮਾਂਡ**:ਇਸ ਕਮਾਂਡ ਦੀ ਵਰਤੋਂ, ਡਾਕੂਮੈਂਟ ਨੂੰ ਪ੍ਰਿੰਟ ਕਰਨ ਤੋਂ ਪਹਿਲਾਂ ਇਹ ਵੇਖਣ ਲਈ ਕੀਤੀ ਜਾਂਦੀ ਹੈ ਕਿ ਪ੍ਰਿੰਟ ਤੋਂ ਬਾਅਦ ਡਾਕੂਮੈਂਟ ਦੀ ਦਿੱਖ ਕਿਹੋ ਜਿਹਾ ਹੋਵੇਗੀ। ਜ ਕਿਸੇ ਬਦਲਾਅ ਦੀ ਜ਼ਰੂਰਤ ਹੈ ਤਾਂ ਪ੍ਰਿੰਟ ਤੋਂ ਪਹਿਲਾਂ ਕਰ ਸਕਦੇ ਹਾਂ।

**ਪ੍ਰਿੰਟ ਪ੍ਰੀਵਿਊ ਵੇਖਣ ਦੇ ਸਟੈਪ:**

1. ਫਾਈਲ ਟੈਬ ਤੇ ਕਲਿਕ ਕਰੋ। ਫਿਰ ਪ੍ਰਿੰਟ ਪ੍ਰੀਵਿਊ ਕਮਾਂਡ ਤੇ ਕਲਿਕ ਕਰੋ ਡਾਕੂਮੈਂਟ ਦਾ ਪ੍ਰੀਵਿਊ ਨਜਰ ਆਵੇਗਾ।

ਜਾਂ

ਪ੍ਰਿੰਟ ਪ੍ਰੀਵਿਊ ਵੇਖਣ ਲਈ Ctrl+F2 ਕੀਅ ਦਬਾਊ।

---



ਤਿਆਰ ਕਰਤਾ: ਚਮਨਪ੍ਰੀਤ ਕੌਰ, ਅਸਿਸਟੈਂਟ ਸਟੇਟ ਪ੍ਰੋਜੈਕਟ ਕੋਆਰਡੀਨੇਟਰ(ਕੰਪਿਊਟਰ)

OFFICE TOOLS